**ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ**
**ਵਿੱਦਿਆ ਭਵਨ, ਈ-ਬਲਾਕ, ਪੰਜਵੀਂ ਮੰਜਿਲ, ਫੇਜ-8, ਐਸ.ਏ.ਐਸ. ਨਗਰ (ਮੋਹਾਲੀ), ਪੰਜਾਬ**
0172-5212318, 5212332, ssapunjab.mis@gmail.com

ਵੱਲ :

ਸਮੂਹ ਮੰਡਲ ਸਿੱਖਿਆ ਅਫਸਰ, ਪੰਜਾਬ
ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ. ਅਤੇ ਐ.ਸਿ.), ਪੰਜਾਬ
ਸਮੂਹ ਸਕੂਲ ਮੁਖੀ, ਪੰਜਾਬ

ਮੀਮੋ ਨੰ :- ਸਸਅ/2017/ਐਮ.ਆਈ.ਐਸ./ਈਪੰਜਾਬਸਕੂਲ/8546
ਮਿਤੀ : ਚੰਡੀਗੜ੍ਹ 10 ਜੁਲਾਈ, 2017

ਵਿਸ਼ਾ : **ਈਪੰਜਾਬਸਕੂਲ ਪੋਰਟਲ ਅਧੀਨ ਵਿਦਿਆਰਥੀਆਂ, ਸਟਾਫ ਅਤੇ ਬੁਨਿਆਦੀ ਢਾਂਚੇ ਦੇ ਡਾਟਾ ਨੂੰ ਅਪਡੇਟ ਕਰਨ ਸਬੰਧੀ।**

ਸਿੱਖਿਆ ਵਿਭਾਗ ਦੇ ਪੋਰਟਲ ਈਪੰਜਾਬਸਕੂਲ ਉੱਤੇ ਹਰ ਸਰਕਾਰੀ, ਏਡਿਡ ਅਤੇ ਪ੍ਰਾਈਵੇਟ ਸਕੂਲ ਨੂੰ ਲਾਗਇਨ ਅਤੇ ਪਾਸਵਰਡ ਮੁਹਈਆ ਕਰਵਾਇਆ ਗਿਆ ਹੈ। ਸਕੂਲਾਂ ਵਲੋਂ ਪੋਰਟਲ ਉੱਤੇ ਅੰਕੜੇ ਮਹੀਨਾਵਾਰ ਅਪਡੇਟ ਕਰਨੇ ਹੁੰਦੇ ਹਨ। ਹਰ ਸਰਕਾਰੀ ਸਕੂਲ ਵਲੋਂ ਪੋਰਟਲ ਅਧੀਨ ਅੰਕੜੇ ਅਪਡੇਟ ਕਰਨ ਤੋਂ ਬਾਅਦ ਪੋਰਟਲ ਉੱਤੇ ਹੀ ਇੱਕ ਈ-ਸਰਟੀਫਿਕੇਟ ਵੈਰੀਫਾਈ ਕਰਨਾ ਹੁੰਦਾ ਹੈ ਕਿ ਡਾਟਾ ਸਹੀ ਅਤੇ ਰਿਕਾਰਡ ਅਨੁਸਾਰ ਠੀਕ ਹੈ।

ਜਿਲ੍ਹਾ ਦਫਤਰਾਂ ਵਲੋਂ ਕਈ ਸੀਨੀਅਰ ਸੈਕੰਡਰੀ ਅਤੇ ਹਾਈ ਸਕੂਲਾਂ ਨੂੰ ਨੋਡਲ ਸਕੂਲ ਬਣਾਇਆ ਗਿਆ ਹੈ ਅਤੇ ਨੇੜਲੇ ਪ੍ਰਾਇਮਰੀ ਸਕੂਲਾਂ ਨੂੰ ਇਨ੍ਹਾਂ ਸਕੂਲਾਂ ਨਾਲ ਜੋੜਿਆ ਗਿਆ ਹੈ ਤਾਂ ਜੋ ਪ੍ਰਇਮਰੀ ਸਕੂਲ ਆਪਣਾ ਡਾਟਾ ਇਨ੍ਹਾਂ ਨੋਡਲ ਸਕੂਲਾਂ ਦੀ ਮਦਦ ਨਾਲ ਪੋਰਟਲ ਉੱਤੇ ਅਪਡੇਟ ਕਰਵਾ ਸਕਣ।

ਸਮੂਹ ਸਕੂਲ ਮੁਖੀ ਮਿਤੀ 16-08-2017 ਤੱਕ ਆਪਣੇ ਸਕੂਲ ਦੇ ਵਿਦਿਆਰਥੀਆਂ, ਸਟਾਫ ਅਤੇ ਬੁਨਿਆਦੀ ਢਾਂਚੇ ਦੇ ਅੰਕੜੇ ਪੋਰਟਲ ਉੱਤੇ ਅਪਡੇਟ ਕਰਨ।

ਭਵਿੱਖ ਵਿਚ ਮੁੱਖ ਦਫਤਰ ਜਾਂ ਜਿਲ੍ਹਾ ਦਫਤਰਾਂ ਵਲੋਂ ਸਕੂਲਾਂ ਤੋਂ ਕਿਸੇ ਕਿਸਮ ਦੇ ਕੋਈ ਵੀ ਅੰਕੜੇ ਇਕੱਤਰ ਨਹੀਂ ਕੀਤੇ ਜਾਣਗੇ। ਸਕੂਲਾਂ ਵਲੋਂ ਈਪੰਜਾਬਸਕੂਲ ਪੋਰਟਲ ਉੱਤੇ ਅਪਡੇਟ ਕੀਤੇ ਅੰਕੜਿਆਂ ਨੂੰ ਹੀ ਸਹੀ ਮੰਨਿਆ ਜਾਵੇਗਾ ਅਤੇ ਇਨ੍ਹਾਂ ਅੰਕੜਿਆਂ ਨੂੰ ਹੀ ਵਰਤਿਆ ਜਾਵੇਗਾ। ਜੇਕਰ ਅੰਕੜਿਆਂ ਵਿਚ ਕਿਸੇ ਵੀ ਕਿਸਮ ਦੀ ਕੋਈ ਗਲਤੀ ਪਾਈ ਜਾਂਦੀ ਹੈ ਜਾਂ ਸਕੂਲ ਵਲੋਂ ਅੰਕੜੇ ਸਮੇਂ ਸਿਰ ਅਪਡੇਟ ਨਹੀਂ ਕੀਤੇ ਗਏ ਤਾਂ ਇਸ ਦੀ ਨਿਰੋਲ ਜਿੰਮੇਵਾਰੀ ਸਬੰਧਤ ਸਕੂਲ ਮੁਖੀ ਦੀ ਹੋਵੇਗੀ ਅਤੇ ਉਸ ਖਿਲਾਫ, ਸਰਕਾਰ ਨੂੰ ਗਲਤ ਜਾਣਕਾਰੀ ਦੇਣ ਲਈ, ਸਖਤ ਵਿਭਾਗੀ ਕਾਰਵਾਈ ਕੀਤੀ ਜਾਵੇਗੀ।

9/8/17

**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ**

**ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਜਾਣਕਾਰੀ ਅਤੇ ਆਪਣੇ ਅਧੀਨ ਆਉਂਦੇ ਸਕੂਲਾਂ ਨੂੰ ਢੁਕਵੀਆਂ ਹਦਾਇਤਾਂ ਜਾਰੀ ਕਰਨ ਹਿੱਤ ਭੇਜਿਆ ਜਾਂਦਾ ਹੈ :-**

1) ਡੀ.ਪੀ.ਆਈ. (ਸੈ.ਸਿ.), ਪੰਜਾਬ
2) ਡੀ.ਪੀ.ਆਈ.(ਐ.ਸਿ.), ਪੰਜਾਬ